media release

ਤੁਰੰਤ ਰਿਲੀਜ ਲਈ

# 2020 ਨਿਊ ਯੀਅਰਸ ਲੇਵੀ ਵਿੱਚ ਮੇਅਰ ਪੈਟਰਿਕ ਬ੍ਰਾਊਨ ਅਤੇ ਕਾਊਂਸਲਰਾਂ ਨਾਲ ਜੁੜੋ

ਬ੍ਰੈਂਪਟਨ, ਓਨਟੈਰੀਓ (20 ਦਸੰਬਰ, 2019) – ਬ੍ਰੈਂਪਟਨ ਵਾਸੀਆਂ ਨੂੰ ਨਵੇਂ ਦਹਾਕੇ ਦੀ ਸ਼ੁਰੂਆਤ ਅਤੇ ਮੇਅਰਸ ਨਿਊ ਯੀਅਰਸ ਲੇਵੀ ਵਿੱਚ ਮੇਅਰ ਪੈਟਰਿਕ ਬ੍ਰਾਊਨ ਅਤੇ ਕਾਊਂਸਲਰਾਂ ਨੂੰ ਮਿਲਣ ਲਈ ਸੱਦਾ ਦਿੱਤਾ ਜਾਂਦਾ ਹੈ।

2020 ਲੇਵੀ ਸਿਟੀ ਹਾਲ ਐਟਰੀਅਮ (City Hall Atrium) ਵਿੱਚ ਵੀਰਵਾਰ, 2 ਜਨਵਰੀ ਨੂੰ ਸ਼ਾਮ 4 ਤੋਂ 7 ਵਜੇ ਤੱਕ ਹੋਵੇਗੀ।

ਬ੍ਰੈਂਪਟਨ ਵਿੱਚ ਯੁੱਗਾਂ-ਪੁਰਾਣੀ ਪਰੰਪਰਾ ਵਿੱਚ, ਨਿਵਾਸੀ ਮੇਅਰ ਅਤੇ ਕਾਊਂਸਲਰਾਂ ਨੂੰ ਪਾਈਪਰ ਲੀਡ ਲਏ ਹੋਏ ਦੇਖਣਗੇ ਅਤੇ ਟਾਊਨ ਕ੍ਰੀਅਰ (ਘੋਸ਼ਣਾਵਾਂ ਕਰਨ ਵਾਲਾ) ਨੂੰ ਸੁਆਗਤ ਕਰਦੇ ਹੋਏ ਸੁਣਨਗੇ।

ਹਰ ਉਮਰ ਦੇ ਲੋਕਾਂ ਲਈ ਮਜ਼ੇਦਾਰ ਗਤੀਵਿਧੀਆਂ ਵਾਲੇ ਇਸ ਕਾਰਜਕਰਮ ਵਿੱਚ ਦੂਜਿਆਂ ਨਾਲ ਘੁਲੋ-ਮਿਲੋ, ਮੇਅਰ ਨਾਲ ਫੋਟੋ ਖਿਚਵਾਓ ਅਤੇ ਨਾਸ਼ਤੇ ਦਾ ਅਨੰਦ ਮਾਣੋ।

**ਹਵਾਲਾ**

"2020 ਸਿਰਫ਼ ਨਵਾਂ ਸਾਲ ਹੀ ਨਹੀਂ ਹੈ; ਇਹ ਨਵੇਂ ਦਹਾਕੇ ਦੀ ਸ਼ੁਰੂਆਤ ਹੈ। ਨਾਲ ਮਿਲ ਕੇ, ਅਸੀਂ ਬਿਹਤਰ ਬ੍ਰੈਂਪਟਨ ਦਾ ਨਿਰਮਾਣ ਕਰ ਸਕਦੇ ਹਾਂ। ਮੈਂ ਹਰ ਕਿਸੇ ਨੂੰ 2020 ਦੀ ਨਿਊ ਯੀਅਰਸ ਲੇਵੀ ਵਿੱਚ ਸ਼ਾਮਲ ਹੋਣ ਅਤੇ ਮੈਨੂੰ ਅਤੇ ਆਪਣੇ ਕਾਊਂਸਲਰਾਂ ਨੂੰ ਮਿਲਣ ਲਈ ਉਤਸ਼ਾਹਿਤ ਕਰਦਾ ਹਾਂ!"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ

# media release

ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca